# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ , ਪੰਜਾਬ

ਬਲਾਕ-ਈ, ਛੇਵੀਂ ਮੰਜ਼ਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ, ਫੇਜ਼-8,

ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ), ਫੋਨ ਨੰਬਰ:-0172-2212221


ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈਸਿੱ),
ਸਮੂਹ ਸਕੂਲ ਮੁੱਖੀ,
ਪੰਜਾਬ।

ਮੀਮੋ ਨੰ: SCERT-SDP01/124/2025-SDP-SCERT-Part(1)/1013519/ 70 -74
ਮਿਤੀ : ਐਸ.ਏ.ਐਸ ਨਗਰ, 25-03-2026

**ਵਿਸ਼ਾ:- ਅਕਾਦਮਿਕ ਸਾਲ 2026-27 ਲਈ School of Eminence (SOE) ਸਕੂਲਾਂ ਵਿੱਚ 9ਵੀਂ ਅਤੇ 11ਵੀਂ ਜਮਾਤਾਂ ਵਿੱਚ ਦਾਖਲੇ ਅਤੇ ਕਾਊਂਸਲਿੰਗ ਹਿੱਤ ਹਦਾਇਤਾਂ ਸੰਬੰਧੀ।**

1.0 ਵਿਭਾਗ ਵੱਲੋਂ ਸਾਲ 2026-27 ਦੌਰਾਨ ਜਿਹੜੇ ਵਿਦਿਆਰਥੀਆਂ ਵੱਲੋਂ SOE ਸਕੂਲਾਂ ਵਿੱਚ ਜਮਾਤ 9ਵੀਂ ਅਤੇ 11ਵੀਂ ਵਿੱਚ ਦਾਖਲਾ ਲਈ ਹੋਈ ਪ੍ਰਵੇਸ ਪ੍ਰੀਖਿਆ ਵਿੱਚ ਕੁਆਲੀਫਾਈ ਹੋਏ ਹਨ, ਉਹਨਾਂ ਨੂੰ ਉਹਨਾਂ ਦੇ ਮੌਜੂਦਾ ਸਕੂਲਾਂ ਦੀ ਮੈਪਿੰਗ ਅਨੁਸਾਰ ਮਿਤੀ 01 ਅਪ੍ਰੈਲ 2026 ਤੋਂ SOE ਸਕੂਲਾਂ ਦੇ SOE ਸੈਕਸ਼ਨਾਂ ਵਿੱਚ ਸਕੂਲ e-punjab ਆਈ.ਡੀ ਰਾਹੀਂ **ਪ੍ਰੋਵੀਜ਼ਨਲ ਦਾਖਲਾ** ਦੇਣ ਦਾ ਫੈਸਲਾ ਲਿਆ ਗਿਆ ਹੈ ਕਿਉਂਕਿ ਸਾਲ 2025-26 ਦੌਰਾਨ ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ SOE ਸਕੂਲਾਂ ਵਿੱਚ ਦਾਖਲਾ ਲੈਣ ਲਈ ਦਾਖਲਾ ਪ੍ਰੀਖਿਆ ਦੇ ਰਿਜ਼ਲਟ ਵਿੱਚ ਦੇਰੀ ਹੋਣ ਕਾਰਨ ਪ੍ਰਾਈਵੇਟ ਸਕੂਲਾਂ ਦੇ ਰਜਿਸਟਰ ਵਿਦਿਆਰਥੀਆਂ ਵੱਲੋਂ SOE ਸਕੂਲਾਂ ਵਿੱਚ ਦਾਖਲਾ ਲੈਣ ਦੀ ਬਜਾਇ ਪ੍ਰਾਈਵੇਟ ਸਕੂਲਾਂ ਵਿੱਚ ਹੀ ਦਾਖਲਾ ਲੈ ਲਿਆ ਗਿਆ ਸੀ। ਜਿਸ ਕਾਰਨ SOE ਸਕੂਲਾਂ ਦੇ SOE ਸੈਕਸ਼ਨਾਂ ਵਿੱਚ ਸੀਟਾਂ ਖਾਲੀ ਰਹਿ ਗਈਆਂ ਸਨ।

2.0 ਇਸ ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇ ਕਿ ਵਿਦਿਆਰਥੀਆਂ ਨੂੰ ਦਿੱਤਾ ਗਿਆ ਪ੍ਰੋਵੀਜ਼ਨਲ ਦਾਖਲਾ, ਪ੍ਰਵੇਸ ਪ੍ਰੀਖਿਆ ਦੀ ਮੈਰਿਟ ਦੇ ਆਧਾਰ ਤੇ, ਵਿਦਿਆਰਥੀਆਂ ਦੀ ਪਿਛਲੀ ਜਮਾਤ (8ਵੀਂ/10ਵੀਂ) ਦੀ ਬੋਰਡ/ਸਕੂਲ ਪ੍ਰੀਖਿਆ ਦੇ ਨਤੀਜੇ ਵਿੱਚ ਪਾਸ ਹੋਣ ਦੀ ਸ਼ਰਤ ਪੂਰੀ ਹੋਣ ਉਪਰੰਤ ਅਤੇ SOE ਸੈਕਸ਼ਨ ਵਿੱਚ ਸੀਟਾਂ ਦੀ ਉਪਲੱਬਧਤਾ ਅਨੁਸਾਰ ਹੀ, **ਫਾਈਨਲ ਦਾਖਲਾ** ਮੰਨਿਆ ਜਾਵੇ।

3.0 SOE ਸਕੂਲਾਂ ਵਿੱਚ ਸਾਲ 2025-26 ਦੌਰਾਨ 10ਵੀਂ ਜਮਾਤ ਦੇ SOE ਸੈਕਸ਼ਨਾਂ ਵਿੱਚ ਪਹਿਲਾਂ ਤੋਂ ਪੜ੍ਹ ਰਹੇ ਵਿਦਿਆਰਥੀਆਂ ਨੂੰ ਜਮਾਤ 11ਵੀਂ ਦੇ SOE ਸੈਕਸ਼ਨਾਂ (ਵਿਦਿਆਰਥੀ ਵੱਲੋਂ ਇੱਛਾ ਅਨੁਸਾਰ ਚੁਣੀ ਗਈ ਸਟ੍ਰੀਮ) ਵਿੱਚ ਪ੍ਰੋਵੀਜ਼ਨਲ ਦਾਖਲਾ ਦੇਣ ਉਪਰੰਤ ਬਾਕੀ ਬਚਦੀਆਂ ਸੀਟਾਂ ਲਈ ਪ੍ਰਵੇਸ਼ ਪ੍ਰੀਖਿਆ ਵਿੱਚ ਕੁਆਲੀਫਾਈਡ ਵਿਦਿਆਰਥੀਆਂ ਦਾ ਪ੍ਰੋਵੀਜ਼ਨਲ ਦਾਖਲਾ ਕੀਤਾ ਜਾਵੇ।

4.0 ਵਿਦਿਆਰਥੀਆਂ ਦਾ **ਫਾਈਨਲ ਦਾਖਲਾ** ਪ੍ਰਵੇਸ਼ ਪ੍ਰੀਖਿਆ ਦੀ ਮੈਰਿਟ ਦੇ ਆਧਾਰ ਤੇ, ਵਿਦਿਆਰਥੀਆਂ ਦੀ ਪਿਛਲੀ ਜਮਾਤ (8ਵੀਂ/10ਵੀਂ) ਦੀ ਬੋਰਡ/ਸਕੂਲ ਪ੍ਰੀਖਿਆ ਦੇ ਨਤੀਜੇ ਵਿੱਚ ਪਾਸ ਹੋਣ ਦੀ ਸ਼ਰਤ ਪੂਰੀ ਹੋਣ ਉਪਰੰਤ ਅਤੇ SOE ਸੈਕਸ਼ਨ ਵਿੱਚ ਸੀਟਾਂ ਦੀ ਉਪਲੱਬਧਤਾ ਅਨੁਸਾਰ ਹੀ ਸਕੂਲ ਦਾਖਲਾ ਕਮੇਟੀ ਵੱਲੋਂ ਕੀਤੀ ਕਾਊਂਸਲਿੰਗ ਅਨੁਸਾਰ ਹੀ ਕੀਤਾ ਜਾਵੇਗਾ।

5.0 SOE ਸਕੂਲਾਂ ਦੀ ਦਾਖਲਾ ਕਮੇਟੀ/ਸਕੂਲ ਪ੍ਰਿੰਸੀਪਲ ਵੱਲੋਂ SOE ਸੈਕਸ਼ਨਾਂ ਵਿੱਚ ਪ੍ਰੋਵੀਜ਼ਨਲੀ ਦਾਖਲ ਹੋਏ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਫਾਈਨਲ ਦਾਖਲੇ ਸੰਬੰਧੀ ਸਪੱਸ਼ਟ ਕੀਤਾ ਜਾਵੇ।

6.0 ਇਸ ਪ੍ਰਵੇਸ ਪ੍ਰੀਖਿਆ ਵਿੱਚ ਕੁਆਲੀਫਾਈਡ ਵਿਦਿਆਰਥੀਆਂ ਦਾ ਸਕੂਲ-ਵਾਈਜ਼ ਨਤੀਜਾ ਅਤੇ ਦਾਖਲੇ ਲਈ ਰਿਜ਼ਰਵੇਸ਼ਨ ਅਨੁਸਾਰ ਸੀਟਾਂ ਦੀ ਵੰਡ SOE ਸਕੂਲਾਂ ਦੀ e-punjab ਆਈ.ਡੀ ਵਿੱਚ Excel ਅਤੇ pdf ਕਾਪੀ ਭੇਜ ਦਿੱਤੀ ਜਾਵੇਗੀ।

7.0 ਹਰੇਕ SOE ਸਕੂਲ ਵਿੱਚ ਕਲਾਸ ਨੌਵੀਂ ਵਿੱਚ ਦਾਖਲੇ ਲਈ ਸਕੂਲ ਪ੍ਰਿੰਸੀਪਲ ਵੱਲੋਂ ਪ੍ਰੋਵੀਜਨਲ ਅਤੇ ਫਾਈਨਲ ਦਾਖਲੇ ਦੀ ਕਾਊਂਸਲਿੰਗ ਲਈ ਸਕੂਲ ਵਿੱਚ ਹੇਠ ਦਰਸਾਏ ਅਨੁਸਾਰ ਕਾਊਂਸਲਿੰਗ ਕਮੇਟੀ ਦਾ ਗਠਨ ਕੀਤਾ ਜਾਵੇ:-

i. ਸੰਬੰਧਤ SOE ਸਕੂਲ ਪ੍ਰਿੰਸੀਪਲ ----ਚੇਅਰਮੈਨ
ii. SOE ਸਕੂਲ ਦੇ ਨਾਲ ਲਗਦੇ ਸੀਨੀਅਰ ਸੈਕੰਡਰੀ ਸਕੂਲ ਦਾ ਪ੍ਰਿੰਸੀਪਲ ----ਮੈਂਬਰ ਸਕੱਤਰ
iii. ਸਾਇੰਸ ਸਟ੍ਰੀਮ ਦਾ ਇੱਕ ਲੈਕਚਰਾਰ ---ਮੈਂਬਰ
iv. ਹਿਊਮੈਂਟੀਜ਼ ਸਟ੍ਰੀਮ ਦਾ ਇੱਕ ਲੈਕਚਰਾਰ ---ਮੈਂਬਰ
v. ਮਾਸਟਰ ਕੇਡਰ ਦਾ ਇੱਕ ਅਧਿਆਪਕ (ਨੌਵੀਂ ਕਲਾਸ ਦਾ ਇੰਚਾਰਜ) ---ਮੈਂਬਰ
vi. SOE ਸਕੂਲ ਦਾ ਕੰਪਿਊਟਰ ਅਧਿਆਪਕ ----- ਸੀਟਾਂ ਦਾ ਡਾਟਾ ਅਪਡੇਟ ਕਰਨ ਲਈ
vii. SOE ਸਕੂਲ ਦਾ ਕਲਰਕ ------ ਫੀਸਾਂ ਸੰਬੰਧੀ

8.0 ਇਸ ਕਮੇਟੀ ਦੀ ਪੂਰੀ ਦੇਖ-ਰੇਖ SOE ਸਕੂਲ ਪ੍ਰਿੰਸੀਪਲ ਵੱਲੋਂ ਕੀਤੀ ਜਾਵੇਗੀ।

9.0 ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿੱ) ਅਤੇ ਉਪ-ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿੱ) SOE ਸਕੂਲਾਂ ਵਿੱਚ ਪ੍ਰੋਵੀਜਨਲ ਅਤੇ ਫਾਈਨਲ ਦਾਖਲੇ ਸੰਬੰਧੀ ਕਾਊਂਸਲਿੰਗ ਦਾ ਸਮੇਂ-ਸਮੇਂ ਤੇ ਨਿਰੀਖਣ ਕੀਤਾ ਜਾਵੇਗਾ।

10.0 ਹਰੇਕ SOE ਸਕੂਲ ਵਿੱਚ ਨੌਵੀਂ ਕਲਾਸ ਲਈ ਘੱਟ ਤੋਂ ਘੱਟ 20 ਅਤੇ ਵੱਧ ਤੋਂ ਵੱਧ 36 ਵਿਦਿਆਰਥੀਆਂ ਦਾ ਅਤੇ ਗਿਆਰਵੀਂ ਕਲਾਸ ਲਈ ਘੱਟ ਤੋਂ ਘੱਟ 10 ਅਤੇ ਵੱਧ ਤੋਂ ਵੱਧ 32 ਵਿਦਿਆਰਥੀਆਂ ਦਾ ਇੱਕ ਸੈਕਸ਼ਨ ਹੋਵੇਗਾ।

11.0 ਸਾਲ 2025-26 ਦੌਰਾਨ 18 SOE ਸਕੂਲਾਂ 9ਵੀਂ ਜਮਾਤ ਲਈ 19 ਨਵੇਂ (ਵਾਧੂ) ਸੈਕਸ਼ਨ ਅਲਾਟ ਕੀਤੇ ਗਏ ਸਨ। ਇਹਨਾਂ ਵਾਧੂ ਅਲਾਟ ਕੀਤੇ ਨਵੇਂ ਸੈਕਸ਼ਨ/ਸੈਕਸ਼ਨਾਂ ਵਿੱਚ ਵੀ ਵਿਦਿਆਰਥੀਆਂ ਨੂੰ ਪ੍ਰੋਵੀਜ਼ਨਲ/ ਫਾਈਨਲ ਦਾਖਲਾ ਪਹਿਲੇ ਸੈਕਸ਼ਨ ਵਿੱਚ ਕੀਤੇ ਦਾਖਲੇ ਅਨੁਸਾਰ ਹੀ ਦਾਖਲਾ ਦਿੱਤਾ ਜਾਵੇ ਅਤੇ ਅਲਾਟ ਕੀਤੀਆਂ ਸੀਟਾਂ ਦਾ ਡਾਟਾ ਪੋਰਟਲ ਤੇ ਅਪਲੋਡ ਕੀਤਾ ਜਾਵੇ।

12.0 ਇਸ ਦਾਖਲਾ ਪ੍ਰਵੇਸ਼ ਪ੍ਰੀਖਿਆ ਵਿੱਚ ਕੁਆਲੀਫਾਈਡ ਵਿਦਿਆਰਥੀਆਂ ਦੀ 118 SOE ਸਕੂਲਾਂ ਵਿੱਚ ਕਲਾਸ ਨੌਵੀਂ ਅਤੇ ਗਿਆਰਵੀਂ ਵਿੱਚ ਫਾਈਨਲ ਦਾਖਲੇ ਲਈ ਕਾਊਸਲਿੰਗ ਬੋਰਡ/ਸਕੂਲ ਪ੍ਰੀਖਿਆ ਦਾ ਨਤੀਜਾ ਘੋਸ਼ਿਤ ਹੋਣ ਉਪਰੰਤ, ਨਤੀਜਾ ਪਾਸ ਹੋਣ ਦੀ ਸ਼ਰਤ ਪੂਰੀ ਹੋਣ ਤੇ ਹੀ, ਹਰੇਕ SOE ਸਕੂਲ ਵਿਖੇ ਕੀਤੀ ਜਾਵੇ।

13.0 ਹਰੇਕ SOE ਸਕੂਲ ਵਿੱਚ ਕਲਾਸ ਨੌਵੀਂ ਅਤੇ ਗਿਆਰਵੀਂ ਵਿੱਚ ਫਾਈਨਲ ਦਾਖਲੇ ਲਈ ਤਿੰਨ ਕਾਊਂਸਲਿੰਗ ਕੀਤੀਆਂ ਜਾਣਗੀਆਂ। ਜਿਹਨਾਂ ਦੀ ਸਮਾਂ-ਸਾਰਣੀ ਵਿਦਿਆਰਥੀਆਂ ਦੀ ਪਿਛਲੀ ਜਮਾਤ (8ਵੀਂ/10ਵੀਂ) ਦੀ ਬੋਰਡ ਪ੍ਰੀਖਿਆ ਦੇ ਨਤੀਜੇ ਘੋਸ਼ਿਤ ਹੋਣ ਉਪਰੰਤ ਭੇਜੀ ਜਾਵੇਗੀ।

14.0 ਦਾਖਲ ਕੀਤੇ ਵਿਦਿਆਰਥੀਆਂ ਦਾ ਡਾਟਾ SOE ਸਕੂਲ ਦੀ e-punjab ਆਈ.ਡੀ ਵਿੱਚ ਦਿੱਤੇ ਲਿੰਕ ਤੇ ਅਪਡੇਟ ਕੀਤਾ ਜਾਵੇ।

15.0 ਜਿਨ੍ਹਾਂ SOE ਸਕੂਲਾਂ ਵਿੱਚ ਸੀਟਾਂ ਭਰਨ ਕਾਰਨ ਕੁਆਲੀਫਾਈਡ ਵਿਦਿਆਰਥੀਆਂ ਨੂੰ ਦਾਖਲਾ ਨਹੀਂ ਮਿਲਦਾ ਅਤੇ ਵਿਦਿਆਰਥੀ SOE ਸਕੂਲਾਂ ਵਿੱਚ ਪੜ੍ਹਨ ਦੇ ਇੱਛੁਕ ਹਨ, ਅਜਿਹੇ ਵਿਦਿਆਰਥੀ ਆਪਣੀ ਸੁਵਿਧਾ ਅਨੁਸਾਰ ਨੇੜਲੇ SOE ਸਕੂਲਾਂ ਵਿੱਚ, ਜੇਕਰ ਸੀਟਾਂ ਉਪਲੱਬਧ ਹੋਣ, ਦਾਖਲਾ ਲੈਣ ਦੇ ਯੋਗ ਹੋਣਗੇ।

16.0 ਜਿਹੜੇ ਕੁਆਲੀਫਾਈਡ ਵਿਦਿਆਰਥੀ SOE ਸਕੂਲਾਂ ਵਿੱਚ ਨੌਵੀਂ ਅਤੇ ਗਿਆਰਵੀਂ ਜਮਾਤ ਵਿੱਚ ਦਾਖਲਾ ਲੈਣਗੇ, ਉਹਨਾਂ ਲਈ ਫੀਸ/ਫੰਡ ਬਾਕੀ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਵਾਲੇ ਹੀ ਲਏ ਜਾਣਗੇ।

17.0 SOE ਸਕੂਲਾਂ ਵਿੱਚ 9ਵੀਂ ਅਤੇ 11ਵੀਂ ਜਮਾਤਾਂ ਦੇ ਦਾਖਲੇ ਦੌਰਾਨ ਫੀਡਰ ਸਕੂਲਾਂ ਦੇ ਸਕੂਲ ਮੁੱਖੀਆਂ ਵੱਲੋਂ ਦਾਖਲਾ ਪ੍ਰਵੇਸ਼ ਪ੍ਰੀਖਿਆ ਵਿੱਚ ਕੁਆਲੀਫਾਈਡ ਵਿਦਿਆਰਥੀਆਂ ਨੂੰ SOE ਸਕੂਲਾਂ ਵਿੱਚ ਦਾਖਲਾ ਲੈਣ ਲਈ ਉਤਸ਼ਾਹਿਤ ਕੀਤਾ ਜਾਵੇ ਅਤੇ ਕੁਆਲੀਫਾਈਡ ਵਿਦਿਆਰਥੀਆਂ ਨੂੰ SOE ਸਕੂਲਾਂ ਵਿੱਚ ਦਾਖਲਾ ਲੈਣ ਲਈ ਭੇਜਿਆ।

18.0 ਪਿਛਲੇ ਸਾਲਾਂ ਦੌਰਾਨ ਇਹ ਵੀ ਧਿਆਨ ਵਿੱਚ ਆਇਆ ਹੈ ਕਿ ਫੀਡਰ ਸਕੂਲਾਂ ਦੇ ਸਕੂਲ ਮੁੱਖੀਆਂ ਵੱਲੋਂ ਦਾਖਲਾ ਪ੍ਰਵੇਸ਼ ਪ੍ਰੀਖਿਆ ਵਿੱਚ ਕੁਆਲੀਫਾਈਡ ਵਿਦਿਆਰਥੀਆਂ ਨੂੰ SOE ਸਕੂਲਾਂ ਵਿੱਚ ਦਾਖਲਾ ਲੈਣ ਲਈ ਨਹੀਂ ਭੇਜਿਆ ਜਾ ਰਿਹਾ ਹੈ। ਜਿਸ ਕਾਰਨ ਕਈ SOE ਸਕੂਲਾਂ ਵਿੱਚ ਸੀਟਾਂ ਖਾਲੀ ਰਹਿ ਜਾਂਦੀਆਂ ਹਨ। ਇਸ ਲਈ ਇਸ ਸੰਬੰਧੀ ਸੰਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈਸਿੱ) ਵੱਲੋਂ ਕੁਆਲੀਫਾਈਡ ਵਿਦਿਆਰਥੀਆਂ ਨੂੰ SOE ਸਕੂਲਾਂ ਵਿੱਚ ਦਾਖਲਾ ਲੈਣ ਲਈ ਨਾ ਭੇਜਣ ਵਾਲੇ ਸਕੂਲ ਮੁੱਖੀਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ।

ਕਿਰਨ ਸ਼ਰਮਾ, ਪੀ. ਸੀ. ਐਸ.
ਡਾਇਰੈਕਟਰ, ਐਸ.ਸੀ.ਈ.ਆਰ.ਟੀ. ਪੰਜਾਬ।

ਪਿੱਠ ਅੰਕਣ ਨੰ.: ਉਕਤ/ 71-74 ਮਿਤੀ:- ਐਸ.ਏ.ਐਸ. ਨਗਰ, 25-03-2026

ਉਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ:-

1. ਪੀ.ਏ. ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ,
2. ਪੀ.ਏ. ਟੂ ਸਪੈਸ਼ਲ ਸਕੱਤਰ ਸਕੂਲ ਸਿੱਖਿਆ, ਪੰਜਾਬ,
3. ਪੀ.ਏ. ਟੂ ਡੀ.ਜੀ.ਐਸ.ਈ., ਪੰਜਾਬ,
4. ਪੀ.ਏ. ਟੂ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।

ਸਹਾਇਕ ਡਾਇਰੈਕਟਰ
ਐਸ.ਸੀ.ਈ.ਆਰ.ਟੀ. ਪੰਜਾਬ।